# ਹੱਥ-ਖੱਡੀ ਬੁਣਕਰ ਵਿਆਪਕ ਕਲਿਆਣ ਯੋਜਨਾ

ਸਾਲ 2005-06 ਅਤੇ 2006-07 ਦੇ ਦੌਰਾਨ ਭਾਰਤ ਸਰਕਾਰ ਦੋ ਅਲੱਗ-ਅਲੱਗ ਯੋਜਨਾਵਾਂ ਦੇ ਨਾਮ ਨਾਲ ਦੇਸ਼ 'ਚ ਹੱਥ-ਖੱਡੀ ਬੁਣਕਰਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ 'ਸਿਹਤ ਬੀਮਾ ਯੋਜਨਾ' ਅਤੇ ਸਧਾਰਨ/ਦੁਰਘਟਨਾ ਨਾਲ ਮੌਤ, ਦੁਰਘਟਨਾ ਕਾਰਨ ਪੂਰੀ/ਥੋੜ੍ਹੀ ਅਪਾਹਜਤਾ ਦੇ ਮਾਮਲੇ ਵਿਚ ਹੱਥ-ਖੱਡੀ ਬੁਣਕਰਾਂ ਨੂੰ ਜੀਵਨ ਬੀਮਾ ਕਵਰ ਪ੍ਰਦਾਨ ਕਰਨ ਲਈ 'ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ' ਕੰਮ ਕਰ ਰਹੀ ਸੀ। 11ਵੀਂ ਯੋਜਨਾ ਦੇ ਦੌਰਾਨ ਇਨ੍ਹਾਂ ਦੋਹਾਂ ਯੋਜਨਾਵਾਂ ਨੂੰ ਇਕੱਠਾ ਕਰਕੇ **ਹੱਥ-ਖੱਡੀ ਬੁਣਕਰ ਵਿਆਪਕ ਕਲਿਆਣ ਯੋਜਨਾ** ਨਾਮਕ ਇਕ ਯੋਜਨਾ ਬਣਾ ਦਿੱਤੀ ਗਈ ਹੈ। ਇਸ ਯੋਜਨਾ ਦਾ ਵੇਰਵਾ ਇਸ ਤਰ੍ਹਾਂ ਹੈ :-

## (i) ਸਿਹਤ ਬੀਮਾ ਯੋਜਨਾ

ਭਾਰਤ ਸਰਕਾਰ ਹੱਥ-ਖੱਡੀ ਬੁਣਕਰਾਂ ਦੇ ਲਾਭ ਲਈ ਕਲਿਆਣਕਾਰੀ ਉਪਾਅ ਦੇ ਰੂਪ ਵਿਚ ਸਾਲ 1992-93 ਤੋਂ ਸਿਹਤ ਪੈਕੇਜ ਯੋਜਨਾ ਚਲਾ ਰਹੀ ਸੀ। ਭਾਰਤ ਸਰਕਾਰ ਨੇ 2005-06 ਵਿਚ ਹੱਥ-ਖੱਡੀ ਬੁਣਕਰਾਂ ਲਈ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਸੀ ਜੋ ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਨਰਲ ਇੰਸ਼ੋਰੰਸ ਕੰਪਨੀ ਲਿਮ. ਵਲੋਂ ਲਾਗੂ ਕੀਤੀ ਗਈ ਸੀ। ਸਾਲ 2007-08 ਅਤੇ 2008-09 ਵਿਚ ਇਹ ਯੋਜਨਾ ਸੋਧੇ ਹੋਏ ਰੂਪ ਵਿਚ ਲਾਗੂ ਕੀਤੀ ਜਾਏਗੀ। ਸਿਹਤ ਬੀਮਾ ਯੋਜਨਾ ਦਾ ਉਦੇਸ਼ ਅਤੇ ਹੋਰ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :-

### 1. ਉਦੇਸ਼

ਸਿਹਤ ਬੀਮਾ ਯੋਜਨਾ ਦਾ ਉਦੇਸ਼ ਦੇਸ਼ ਵਿਚ ਬੇਹਤਰ ਸਿਹਤ ਦੇਖਭਾਲ ਦੀਆਂ ਸਹੂਲਤਾਂ ਦੀ ਪਹੁੰਚ ਲਈ ਬੁਣਕਰ ਸਮੂਹ ਨੂੰ ਆਰਥਿਕ ਤੌਰ 'ਤੇ ਸਮਰੱਥ ਬਣਾਉਣਾ ਹੈ। ਇਸ ਯੋਜਨਾ ਵਿਚ ਨਾ ਸਿਰਫ਼ ਬੁਣਕਰ ਬਲਕਿ ਉਸ ਦੀ ਪਤਨੀ ਅਤੇ ਦੋ ਬੱਚਿਆਂ ਨੂੰ ਕਵਰ ਕੀਤਾ ਜਾਂਦਾ ਹੈ ਤਾਂਕਿ ਸਾਰੇ ਪਹਿਲਾਂ ਤੋਂ ਹੀ ਮੌਜੂਦ ਰੋਗਾਂ ਅਤੇ ਨਵੇਂ ਰੋਗਾਂ ਦਾ ਇਲਾਜ ਕੀਤਾ ਜਾ ਸਕੇ ਅਤੇ ਓ.ਪੀ.ਡੀ. ਲਈ ਲੋੜੀਂਦੀ ਸਹੂਲਤ ਰਖੀ ਜਾਏ। ਵਾਰਪਿੰਗ, ਵਾਈਂਡਿੰਗ, ਡਾਇੰਗ, ਪ੍ਰਿੰਟਿੰਗ, ਫਿਨੀਸ਼ਿੰਗ, ਸਾਈਜ਼ਿੰਗ, ਜਾਲਾ ਬਣਾਉਣਾ, ਜੈਕਾਰਡ ਕਾਰਡ ਕਟਿੰਗ ਆਦਿ ਕੰਮਾਂ ਵਿਚ ਸ਼ਾਮਲ ਸਹਾਇਕ ਹੱਥ-ਖੱਡੀ ਕਾਰੀਗਰ ਵੀ ਇਸ ਯੋਜਨਾ ਵਿਚ ਕਵਰ ਕੀਤੇ ਜਾਣ ਦੇ ਯੋਗ ਹਨ।

### 2. ਯੋਜਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

### 2.1 ਫੰਡ ਦਾ ਪੈਟਰਨ

| | |
|---|---|
| (1) ਭਾਰਤ ਸਰਕਾਰ ਦਾ ਹਿੱਸਾ | 809.10 ਰੁ. ਪ੍ਰਤੀ ਸਾਲ<br>(ਪ੍ਰੀਮੀਅਮ 716.80 ਰੁ.)<br>ਸਰਵਿਸ ਟੈਕਸ 92.30 ਰੁ.<br>(@ 10.3% ਦੀ ਦਰ ਨਾਲ=(ਸਾਲ 2009-10 ਲਈ) |
| (2) ਹੱਥ-ਖੱਡੀ ਬੁਣਕਰ/ਰਾਜ ਸਰਕਾਰ ਦਾ ਹਿੱਸਾ | 179.20 ਰੁ. ਪ੍ਰਤੀ ਸਾਲ |

ਜਿੱਥੇ ਰਾਜ ਸਰਕਾਰਾਂ ਬੁਣਕਰਾਂ ਵਲੋਂ ਹਿੱਸਾ ਦੇ ਰਹੀਆਂ ਹਨ ਉਨ੍ਹਾਂ ਮਾਮਲਿਆਂ ਵਿਚ ਵੀ ਬੁਣਕਰਾਂ ਦਾ ਘੱਟੋ-ਘੱਟ ਹਿੱਸਾ 50 ਰੁ. ਪ੍ਰਤੀ ਪਰਿਵਾਰ ਹੋਵੇਗਾ।

(3) ਕੁਲ ਪ੍ਰੀਮੀਅਮ (ਸਰਵਿਸ ਟੈਕਸ ਸਹਿਤ) 988.30 ਰੁ. ਪ੍ਰਤੀ ਸਾਲ

## 2.2 ਫੰਡ ਨੂੰ ਜਾਰੀ ਕਰਨਾ

1. ਯੋਜਨਾ ਦੇ ਅਧੀਨ ਬੁਣਕਰਾਂ ਨੂੰ ਕਵਰ ਕਰਨ ਲਈ ਕੇਂਦਰੀ ਸਰਕਾਰ ਦੇ ਪ੍ਰੀਮੀਅਮ ਦਾ ਹਿੱਸਾ ਕਿਸ਼ਤਾਂ ਵਿਚ ਸਿੱਧਾ ਆਈ.ਸੀ.ਆਈ.ਸੀ.ਆਈ. ਲੋਮਬਾਰਡ ਨੂੰ ਜਾਰੀ ਕੀਤਾ ਜਾਏਗਾ। ਸਰਕਾਰ ਦੀ ਪ੍ਰੀਮੀਅਮ ਹਿੱਸੇ ਦੀ ਰਕਮ ਦੇ ਬਰਾਬਰ ਇਸ ਦੇ ਅਧੀਨ ਆਉਣ ਵਾਲੇ ਬੁਣਕਰਾਂ ਦੀ ਕੁਲ ਗਿਣਤੀ ਦੇ 30 ਪ੍ਰਤੀਸ਼ਤ ਤਕ ਸਰਵਿਸ ਟੈਕਸ ਕੰਪਨੀ ਨੂੰ ਜਾਰੀ ਕੀਤਾ ਜਾਏਗਾ। ਜਦੋਂ ਸਾਰੇ ਬੁਣਕਰਾਂ ਦੀ ਭਰਤੀ ਲਈ ਉਪਰੋਕਤ ਵਿਚੋਂ 66 ਪ੍ਰਤੀਸ਼ਤ ਰਕਮ ਦਾ ਉਪਯੋਗ ਕੀਤਾ ਜਾਂਦਾ ਹੈ ਤਾਂ ਕੰਪਨੀ ਹੱਥ-ਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਨੂੰ ਪ੍ਰਗਤੀ ਰਿਪੋਰਟ ਭੇਜੇਗੀ, ਜਿਸ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਇਸ ਪ੍ਰਯੋਜਨ ਲਈ ਪੇਸ਼ ਕੀਤੇ ਗਏ ਫੰਡ ਦਰਸਾਏ ਜਾਣਗੇ। ਰਾਜ ਸਰਕਾਰ ਤੋਂ ਪ੍ਰਮਾਣ ਪੱਤਰ ਦੇ ਨਾਲ ਪ੍ਰਗਤੀ ਰਿਪੋਰਟ ਪ੍ਰਾਪਤ ਹੋਣ ਤੇ ਹੱਥ-ਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਪ੍ਰੀਮੀਅਮ ਦੀ 30 ਪ੍ਰਤੀਸ਼ਤ ਦੀ ਅਗਲੀ ਕਿਸ਼ਤ ਨੂੰ ਜਾਰੀ ਕਰਨ ਲਈ ਕਦਮ ਚੁੱਕੇਗਾ। 90 ਪ੍ਰਤੀਸ਼ਤ ਦੇ ਅੰਕੜੇ ਤਕ ਪਹੁੰਚਣ ਤੇ ਇਸੇ ਤਰ੍ਹਾਂ ਅੱਗੇ ਫੰਡ ਜਾਰੀ ਕੀਤੇ ਜਾਣਗੇ। 90 ਪ੍ਰਤੀਸ਼ਤ ਦੇ ਲਈ ਇਕ ਵਾਰ ਉਪਯੋਗਤਾ ਪ੍ਰਮਾਣ-ਪੱਤਰ ਪ੍ਰਾਪਤ ਹੋਣ 'ਤੇ ਹੀ ਬਾਕੀ 10 ਪ੍ਰਤੀਸ਼ਤ ਰਕਮ ਜਾਰੀ ਕੀਤੀ ਜਾਏਗੀ।
2. ਭਾਰਤ ਸਰਕਾਰ ਵਲੋਂ 896/- ਰੁ. ਦੀ ਸਲਾਨਾ ਬੀਮਾ ਪ੍ਰੀਮੀਅਮ 'ਤੇ ਦਿੱਤਾ ਜਾਣ ਵਾਲਾ ਸਰਵਿਸ ਟੈਕਸ ਵਹਿਨ ਕੀਤਾ ਜਾਏਗਾ।
3. ਆਈ.ਸੀ.ਆਈ.ਸੀ.ਆਈ. ਲੋਮਬਾਰਡ, ਬਾਕੀ ਬਚੀ ਰਕਮ ਨੂੰ ਜੇਕਰ ਦਾਅਵੇ ਦਾ ਭੁਗਤਾਨ ਕੀਤਾ ਗਿਆ ਹੋਵੇ, ਪ੍ਰਕਿਰਿਆ ਵਾਲੇ ਦਾਅਵੇ ਜਿਨ੍ਹਾਂ ਵਿਚ ਪ੍ਰਵਾਨਿਤ ਸਾਲਾਨਾ ਪ੍ਰੀਮੀਅਮ ਦਾ ਆਈ.ਬੀ.ਐੱਨ.ਆਰ. ਅਤੇ ਟੀ.ਪੀ.ਏ. ਖ਼ਰਚ 70 ਪ੍ਰਤੀਸ਼ਤ ਤੋਂ ਘੱਟ ਹੋਵੇ, ਅਗਲੀ ਪਾਲਿਸੀ ਪੀਰੀਅਡ ਲਈ ਅੱਗੇ ਕਰ ਦੇਵੇਗਾ।

## 3. ਕਾਰਜਕਾਰੀ ਏਜੰਸੀਆਂ

ਇਹ ਯੋਜਨਾ ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਨਰਲ ਇੰਸ਼ੋਰਸ ਕੰਪਨੀ ਲਿਮ. ਦੇ ਮਾਧਿਅਮ ਨਾਲ ਹੱਥ-ਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਵਲੋਂ ਲਾਗੂ ਕੀਤੀ ਜਾਏਗੀ। ਹੱਥ-ਖੱਡੀ ਰਾਜ ਡਾਇਰੈਕਟਰ/ਉਦਯੋਗ ਡਾਇਰੈਕਟਰ/ਹੱਥ-ਖੱਡੀ ਇੰਚਾਰਜ ਆਪਣੇ-ਆਪਣੇ ਰਾਜਾਂ ਵਿਚ ਯੋਜਨਾ ਦੇ ਮਾਹਿਰ ਕਾਰਜਕਾਰੀ ਏਜੰਸੀ ਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਹੋਣਗੇ।

## 4. ਯੋਗਤਾ

'ਹੱਥਖੱਡੀ ਬੁਣਕਰ ਸਿਹਤ ਬੀਮਾ ਯੋਜਨਾ' (ਇੱਥੋਂ ਅੱਗੇ 'ਬੁਣਕਰ' ਸ਼ਬਦ ਵਿਚ ਵਾਰਪਿੰਗ, ਪ੍ਰਿੰਟਿੰਗ, ਫਿਨੀਸ਼ਿੰਗ, ਸਾਈਜ਼ਿੰਗ, ਜਾਲਾ ਬਣਾਉਣ, ਜੈਕਾਰਡ ਕਾਰਡ ਕਟਿੰਗ ਆਦਿ ਵਿਚ ਸ਼ਾਮਲ ਸਹਾਇਕ ਹੱਥ-ਖੱਡੀ ਕਾਰੀਗਰ ਸ਼ਾਮਲ ਹਨ) ਦੇ ਅਧੀਨ ਲਾਭ ਪ੍ਰਾਪਤ ਕਰਨ ਲਈ ਬੁਣਕਰ ਨੂੰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ-

* ਬੁਣਕਰ ਨੂੰ ਹੱਥ-ਖੱਡੀ ਬੁਣਾਈ ਤੋਂ ਘੱਟੋ-ਘੱਟ 50 ਪ੍ਰਤੀਸ਼ਤ ਆਮਦਨ ਕਮਾਉਣੀ ਹੋਵੇਗੀ।
* ਸਾਰੇ ਬੁਣਕਰ ਭਾਵੇਂ ਪੁਰਸ਼ ਹੋਣ ਜਾਂ ਇਸਤ੍ਰੀ ਸਿਹਤ ਬੀਮਾ ਯੋਜਨਾ ਦੇ ਅਧੀਨ ਕਵਰ ਕੀਤੇ ਜਾਣ ਦੇ ਯੋਗ ਹਨ। ਇਸ ਯੋਜਨਾ ਵਿਚ ਬੁਣਕਰ ਦੇ ਪਰਿਵਾਰ ਦੇ ਚਾਰ ਮੈਂਬਰ ਭਾਵ ਖ਼ੁਦ, ਪਤਨੀ ਅਤੇ ਦੋ ਬੱਚੇ ਕਵਰ ਹੋਣਗੇ। ਇਸ ਯੋਜਨਾ ਵਿਚ 1 ਦਿਨ ਤੋਂ 80 ਸਾਲ ਦੀ ਉਮਰ ਵਰਗ ਦੇ ਵਿਚਕਾਰ ਦੇ ਲੋਕਾਂ ਨੂੰ ਕਵਰ ਕੀਤਾ ਜਾਂਦਾ ਹੈ।

* ਰਾਜ ਸਰਕਾਰ ਦੇ ਹੱਥ-ਖੱਡੀ ਡਾਇਰੈਕਟਰ ਇੰਚਾਰਜ ਅਤੇ ਆਈ.ਸੀ.ਆਈ.ਸੀ.ਆਈ. ਲੋਮਬਾਰਡ ਦਾ ਇਹ ਨਿਸ਼ਚਿਤ ਕਰਨ ਦਾ ਫ਼ਰਜ਼ ਹੋਵੇਗਾ ਕਿ ਯੋਜਨਾ ਨੂੰ ਲਾਗੂ ਕਰਦੇ ਸਮੇਂ ਘੱਟ-ਗਿਣਤੀਆਂ ਨਾਲ ਸਬੰਧਤ ਇਸਤ੍ਰੀ ਬੁਣਕਰਾਂ ਅਤੇ ਪੂਰਬ-ਉੱਤਰ ਦੇ ਰਾਜਾਂ (ਅਰੁਣਾਚਲ ਪ੍ਰਦੇਸ਼, ਅਸਮ, ਮਣੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ ਅਤੇ ਸਿੱਕਿਮ) ਦੇ ਬੁਣਕਰਾਂ ਨੂੰ ਲੋੜੀਂਦੀ ਅਗਵਾਈ ਦਿੱਤੀ ਜਾਂਦੀ ਹੈ।
* ਰਾਜ ਸਰਕਾਰ ਦੇ ਹੱਥ-ਖੱਡੀ ਵਿਕਾਸ ਕਾਰਪੋਰੇਸ਼ਨਾਂ/ਉੱਘੇ/ਪ੍ਰਾਥਮਿਕ ਹੱਥ-ਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ ਨਾਲ ਸਬੰਧਤ ਬੁਣਕਰਾਂ ਨੂੰ ਇਸ ਯੋਜਨਾ ਵਿਚ ਕਵਰ ਕੀਤਾ ਜਾਏਗਾ। ਸਹਿਕਾਰੀ ਸੁਸਾਇਟੀਆਂ ਤੋਂ ਬਾਹਰ ਦੇ ਬੁਣਕਰ ਵੀ ਇਸ ਯੋਜਨਾ ਵਿਚ ਕਵਰ ਕੀਤੇ ਜਾ ਸਕਦੇ ਹਨ, ਬਸ਼ਰਤੇ ਉਹ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋਏ ਹੱਥ-ਖੱਡੀ ਰਾਜ ਨਿਦੇਸ਼ਾਲੇ ਦਾ ਪ੍ਰਮਾਣ ਪੱਤਰ ਪੇਸ਼ ਕਰਨ।
* ਯੋਜਨਾ ਦੇ ਲਾਭ ਪ੍ਰਾਪਤਕਰਤਾ ਬੁਣਕਰਾਂ ਅਤੇ ਸਹਾਇਕ ਕਾਰੀਗਰਾਂ ਦੀ ਯੋਗਤਾ ਦੀ ਤਸਦੀਕ ਕਰਨ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੇ ਹੱਥ-ਖੱਡੀ ਇੰਚਾਰਜ ਡਾਇਰੈਕਟ ਦੀ ਹੋਵੇਗੀ।

## 5. ਕਵਰੇਜ

ਬੁਣਕਰਾਂ ਵਲੋਂ ਦੇਸ਼ ਦੇ ਕਿਸੇ ਹਸਪਤਾਲ ਜਾਂ ਨਰਸਿੰਗ ਹੋਮ ਵਿਚ ਇਲਾਜ ਕਰਾਉਣ ਦੇ ਦੌਰਾਨ ਕੀਤੇ ਗਏ ਖ਼ਰਚ ਦਾ ਸੀਮਾਵਾਂ/ਉਪ-ਸੀਮਾਵਾਂ ਦੇ ਅਧੀਨ ਆਈ.ਸੀ.ਆਈ.ਸੀ.ਆਈ. ਲੋਮਬਾਰਡ, ਭੁਗਤਾਨ/ਪ੍ਰਤੀਪੂਰਤੀ ਕਰੇਗਾ।

## 6. ਕੈਸ਼ਲੈੱਸ ਸਹੂਲਤ

ਆਈ.ਸੀ.ਆਈ.ਸੀ.ਆਈ. ਲੋਮਬਾਰਡ ਆਪਣੇ ਅਧਿਕਾਰ ਪ੍ਰਾਪਤ ਪ੍ਰਤੀਨਿਧਾਂ (ਤੀਸਰਾ ਪੱਖ ਸੰਚਾਲਕ) ਦੇ ਮਾਧਿਅਮ ਨਾਲ ਦੇਸ਼ ਦੇ ਵਿਭਿੰਨ ਰਾਜਾਂ ਵਿਚ ਪੈਨਲ 'ਚ ਰਖੇ ਗਏ ਹਸਪਤਾਲਾਂ/ਨਰਸਿੰਗ ਹੋਮਾਂ ਵਿਚ ਕੈਸ਼ਲੈੱਸ ਸਹੂਲਤ ਮੁਹੱਈਆ ਕਰੇਗਾ। ਇਸ ਦਾ ਭਾਵ ਇਹ ਹੈ ਕਿ ਰੋਗੀ ਅਸਲ ਬਿਲਾਂ ਦਾ ਭੁਗਤਾਨ ਕੀਤੇ ਬਿਨਾਂ ਪੈਨਲ ਵਾਲੇ ਕਿਸੇ ਵੀ ਹਸਪਤਾਲ ਵਿਚ ਇਲਾਜ ਕਰਾ ਸਕਦਾ ਹੈ। ਜੇਕਰ ਕਿਸੇ ਰੋਗੀ ਨੂੰ ਕਿਸੇ ਡਾਕਟਰ ਜਾਂ ਕਲੀਨਿਕ ਜੋ ਪ੍ਰਵਾਨਿਤ ਸੂਚੀ ਵਿਚ ਨਹੀਂ ਹੈ, ਜਾਣਾ ਪੈਂਦਾ ਹੈ ਤਾਂ ਉਹ ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦੇ ਅਧਿਕਾਰ ਪ੍ਰਾਪਤ ਪ੍ਰਤੀਨਿਧ ਕੋਲ ਦਵਾਈਆਂ ਦੀ ਪਰਚੀ ਅਤੇ ਵਾਊਚਰ ਪੇਸ਼ ਕਰ ਸਕਦਾ ਹੈ ਜੋ ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦਾ ਅਧਿਕਾਰ ਪ੍ਰਾਪਤ ਪ੍ਰਤੀਨਿਧ ਸਾਰੇ ਜ਼ਰੂਰੀ ਦਸਤਾਵੇਜ਼ਾਂ ਅਤੇ ਸੂਚਨਾ ਦੀ ਪ੍ਰਾਪਤੀ ਮਗਰੋਂ 15 ਦਿਨਾਂ ਦੇ ਅੰਦਰ ਪੂਰੀ ਅਦਾਇਗੀ ਨੂੰ ਨਿਸ਼ਚਿਤ ਕਰੇਗਾ।

## 7. ਸਮਾਂ

7.1 ਪਾਲਿਸੀ ਬੀਮਾਕਰਤਾ ਵਲੋਂ ਪ੍ਰੀਮੀਅਮ ਦੀ ਪ੍ਰਾਪਤੀ ਦੀ ਤਾਰੀਖ ਤੋਂ 12 ਮਹੀਨੇ ਦੇ ਸਮੇਂ ਲਈ ਵੈਲਿਡ ਹੋਵੇਗੀ।

7.2 ਆਮ ਤੌਰ 'ਤੇ ਇਕ ਬੁਣਕਰ ਪਰਿਵਾਰ ਆਪਣੇ ਪ੍ਰੀਮੀਅਮ ਦੇ ਹਿੱਸੇ ਦੇ ਭੁਗਤਾਨ ਉੱਤੇ 1 ਸਾਲ ਲਈ ਲਾਭ ਪ੍ਰਾਪਤ ਕਰੇਗਾ, ਜੋ ਹਰੇਕ ਸਾਲ ਦੀ ਪ੍ਰੀਮੀਅਮ ਦੇ ਹਿੱਸੇ ਦੇ ਭੁਗਤਾਨ 'ਤੇ ਇਕ ਅਤੇ ਸਾਲ ਭਰ ਦੇ ਲਈ ਮੁੜ ਜਾਰੀ ਕੀਤੇ ਜਾਣ ਯੋਗ ਹੋਵੇਗਾ।

7.3 ਨਵੀਨੀਕਰਣ ਨੂੰ ਪਹਿਲ ਦਿੱਤੀ ਜਾਏਗੀ। ਦੂਸਰੇ ਸਾਲ ਵਿਚ 80 ਪ੍ਰਤੀਸ਼ਤ ਮਾਮਲਿਆਂ ਦਾ ਨਵੀਨੀਕਰਣ ਕੀਤਾ ਜਾਏਗਾ। ਦੂਸਰੇ ਸਾਲ ਵਿਚ 80 ਪ੍ਰਤੀਸ਼ਤ ਨਵੀਨੀਕਰਣ ਨਾ ਕਰ ਸਕਣ ਤੇ ਕੰਪਨੀ ਉੱਤੇ ਰੋਕ ਲਗਾ ਦਿੱਤੀ ਜਾਏਗੀ।

## 8. ਲਾਭ

(ਰੁਪਏ)

| | |
|---|---|
| ਪ੍ਰਤੀ ਪਰਿਵਾਰ ਸਲਾਨਾ ਸੀਮਾ (1+3) | 15,000/- |
| ਪ੍ਰਤੀ ਪਰਿਵਾਰ ਉਪ-ਸੀਮਾ | |
| ਸਾਰੇ ਪਹਿਲੇ ਮੌਜੂਦਾ ਰੋਗ + ਨਵੇਂ ਰੋਗ | 15,000/- |
| ਜਣੇਪਾ ਲਾਭ (ਪਹਿਲੇ ਦੋ ਸਾਲਾਂ ਲਈ ਪ੍ਰਤੀ ਬੱਚਾ) | 2,500/- |
| ਦੰਦਾਂ ਦਾ ਇਲਾਜ | 250/- |
| ਅੱਖਾਂ ਦਾ ਇਲਾਜ | 75/- |
| ਐਨਕਾਂ | 250/- |
| ਘਰੇਲੂ ਇਲਾਜ | 4,000/- |
| ਆਯੁਰਵੇਦਿਕ/ਯੂਨਾਨੀ/ਹੋਮਿਓਪੈਥਿਕ/ਸਿੱਧ | 4,000/- |
| ਇਲਾਜ (ਪਹਿਲਾਂ ਅਤੇ ਬਾਅਦ ਦੇ) | 15,000/- |
| ਬਾਲ ਕਵਰੇਜ | 500/- |
| ਓ.ਪੀ.ਡੀ. | 7,500/- |
| ਪ੍ਰਤੀ ਬਿਮਾਰੀ ਸੀਮਾ | 7,500/- |

ਲਾਭ ਦੀ ਸੀਮਾ ਤੋਂ ਬਾਹਰ : ਸੁਧਾਰਾਤਮਕ ਕਾਸਮੈਟਿਕ ਸਰਜਰੀ ਜਾਂ ਇਲਾਜ, ਐੱਚ.ਆਈ.ਵੀ. ਏਡਜ਼, ਬਾਂਝਪੁਣਾ, ਸੈਕਸ ਰੋਗ, ਇਰਾਦੇ ਨਾਲ ਸਵੈ-ਨੁਕਸਾਨ, ਨਸ਼ੀਲੀ ਦਵਾਈਆਂ ਜਾਂ ਅਲਕੋਹਲ ਦਾ ਪ੍ਰਯੋਗ, ਯੁੱਧ, ਦੰਗੇ, ਹੜਤਾਲ, ਅੱਤਵਾਦੀ ਗਤੀਵਿਧੀਆਂ, ਪ੍ਰਮਾਣੂੰ ਜੋਖਮ।

## 9. ਪ੍ਰਚਾਲਨ ਸਬੰਧੀ ਕ੍ਰਿਆ ਵਿਧੀ

9.1 ਰਾਜ ਸਰਕਾਰ ਦੇ ਹੱਥ-ਖੱਡੀ ਡਾਇਰੈਕਟਰ ਇੰਚਾਰਜ, ਆਈ.ਸੀ.ਆਈ.ਸੀ.ਆਈ. ਲੋਮਬਾਰਡ ਦੇ ਨਾਲ ਬੁਣਕਰਾਂ ਦੀ ਸੀਮਾ ਕਵਰੇਜ ਨੂੰ ਅੰਤਮ ਰੂਪ ਦੇਵੇਗਾ।

9.2 ਇਹ ਯੋਜਨਾ ਭਾਰਤ ਸਰਕਾਰ ਵਲੋਂ ਹੱਥ-ਖੱਡੀ ਬੁਣਕਰਾਂ ਲਈ ਸਿਹਤ ਬੀਮਾ ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਜਾਰੀ ਕਰਨ ਦੀ ਮਿਤੀ 19 ਅਕਤੂਬਰ 2009 ਤੋਂ ਲਾਗੂ ਹੋਵੇਗੀ।

9.3 ਰਾਜ ਸਰਕਾਰ ਦੇ ਹੱਥ-ਖੱਡੀ ਅਤੇ ਕੱਪੜਾ ਡਾਇਰੈਕਟਰ ਇੰਚਾਰਜ ਦਾ ਦਫ਼ਤਰ ਅਤੇ ਇਸ ਦੇ ਅਧੀਨ ਆਉਣ ਵਾਲੇ ਦਫ਼ਤਰ ਇਸ ਯੋਜਨਾ ਦੇ ਕਾਰਜ ਲਈ ਨੋਡਲ ਏਜੰਸੀ ਹੋਣਗੇ।

9.4 ਕੇਂਦਰੀ ਸਰਕਾਰ ਦਾ ਪ੍ਰੀਮੀਅਮ ਦਾ ਹਿੱਸਾ ਯੋਜਨਾ ਦੇ ਅਧੀਨ ਬੁਣਕਰਾਂ ਦੇ ਕਵਰੇਜ ਲਈ ਕਿਸ਼ਤਾਂ ’ਚ ਸਿੱਧਾ ਆਈ.ਸੀ.ਆਈ.ਸੀ.ਆਈ. ਲੋਂਬਾਰਡ ਨੂੰ ਜਾਰੀ ਕੀਤਾ ਜਾਏਗਾ। ਸਰਕਾਰੀ ਪ੍ਰੀਮੀਅਮ ਰਕਮ ਦੇ ਬਰਾਬਰ ਰਕਮ ਅਤੇ ਕਵਰ ਕੀਤੇ ਜਾਣ ਵਾਲੇ ਕੁਲ ਬੁਣਕਰਾਂ ਦੀ ਗਿਣਤੀ ਦੇ 30 ਪ੍ਰਤੀਸ਼ਤ ਤਕ ਸਰਵਿਸ ਟੈਕਸ ਕੰਪਨੀ ਨੂੰ ਜਾਰੀ ਕੀਤਾ ਜਾਏਗਾ। ਕਿਸੇ ਵੀ ਸਮੇਂ ਜਦੋਂ ਬੁਣਕਰਾਂ ਦੀ ਭਰਤੀ ਲਈ ਉਪਰੋਕਤ ਰਕਮ ਦਾ 66 ਪ੍ਰਤੀਸ਼ਤ ਦਾ ਉਪਯੋਗ ਕੀਤਾ ਜਾਂਦਾ ਹੈ ਤਾਂ ਕੰਪਨੀ ਹੱਥ-ਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਨੂੰ ਪ੍ਰਗਤੀ ਰਿਪੋਰਟ ਭੇਜੇਗੀ, ਜਿਸ ਵਿਚ ਸ਼ਾਮਲ ਕੀਤੇ ਗਏ ਲੋਕਾਂ ਦੀ ਗਿਣਤੀ ਅਤੇ ਉਪਯੋਗ ਕੀਤੀ ਗਈ ਰਕਮ ਦਰਸਾਈ ਜਾਏਗੀ। ਪ੍ਰਗਤੀ ਰਿਪੋਰਟ ਪ੍ਰਾਪਤ ਹੋਣ ਤੇ ਜਿਸ ਦੀ ਪੁਸ਼ਟੀ ਰਾਜ ਸਰਕਾਰ ਵਲੋਂ ਪ੍ਰਮਾਣ ਪੱਤਰ ਰਾਹੀਂ ਕੀਤੀ ਜਾਏਗੀ, ਹੱਥ-ਖੱਡੀ ਵਿਕਾਸ ਕਮਿਸ਼ਨਰ ਦਾ ਦਫ਼ਤਰ ਪ੍ਰੀਮੀਅਮ ਦੀ 30 ਪ੍ਰਤੀਸ਼ਤ ਦੀ ਅਗਲੀ ਕਿਸਤ ਨੂੰ ਜਾਰੀ ਕਰਨ ਲਈ ਕਦਮ ਚੁੱਕੇਗਾ। ਅੱਗੇ ਜਦੋਂ ਤਕ ਇਹ ਅੰਕੜਾ 90 ਪ੍ਰਤੀਸ਼ਤ

ਤਕ ਨਹੀਂ ਪਹੁੰਚ ਜਾਂਦਾ, ਰਕਮ ਜਾਰੀ ਕਰਨ ਦੀ ਇਹ ਪ੍ਰਕਿਰਿਆ ਅਪਣਾਈ ਜਾਏਗੀ। ਇਕੋ ਵਾਰ 90 ਪ੍ਰਤੀਸ਼ਤ ਦੀ ਰਕਮ ਲਈ ਉਪਯੋਗਤਾ ਪ੍ਰਮਾਣ ਪੱਤਰ ਪ੍ਰਾਪਤ ਹੋ ਜਾਣ ਤੇ ਬਾਕੀ 10 ਪ੍ਰਤੀਸ਼ਤ ਰਕਮ ਜਾਰੀ ਕੀਤੀ ਜਾਏਗੀ।

9.5 ਸੰਭਾਵਤ ਲਾਭ ਪ੍ਰਾਪਤਕਰਤਾ ਤੋਂ ਉਮੀਦ ਹੋਵੇਗੀ ਕਿ ਉਹ ਭਰਤੀ ਫਾਰਮ ਭਰੇ ਅਤੇ ਉਸ ਨੂੰ ਪ੍ਰੀਮੀਅਮ ਰਕਮ ਦੇ ਨਾਲ ਹੱਥ-ਖੱਡੀ ਰਾਜ ਨਿਦੇਸ਼ਾਲੇ ਦੇ ਸਾਹਮਣੇ ਪੇਸ਼ ਕਰੇ। ਅਰਜ਼ੀ/ਭਰਤੀ ਫਾਰਮ ਹੱਥ-ਖੱਡੀ ਦੇ ਰਾਜ ਨਿਦੇਸ਼ਾਲਾ ਅਤੇ/ਜਾਂ ਬੁਣਕਰਾਂ ਨੂੰ ਆਈ.ਸੀ.ਆਈ.ਸੀ.ਆਈ. ਲ਼ੋਬਾਰਡ ਵਲੋਂ ਉਪਲਬਧ ਕਰਾਇਆ ਜਾਏਗਾ।

9.6 ਹੱਥ-ਖੱਡੀ ਰਾਜ ਨਿਦੇਸ਼ਾਲਾ ਅਰਜ਼ੀਆਂ ਦੀ ਜਾਂਚ ਕਰੇਗਾ ਅਤੇ ਸਹੀ ਹੋਣ ਤੇ ਪ੍ਰੀਮੀਅਮ ਦੀ ਰਕਮ ਨੂੰ ਸਵੀਕਾਰ ਕਰੇਗਾ ਅਤੇ ਪ੍ਰੀਮੀਅਮ ਦੀ ਰਕਮ ਦੇ ਨਾਲ ਅਜਿਹੇ ਲਾਭ ਪ੍ਰਾਪਤਕਰਤਿਆਂ ਦੀ ਸੂਚੀ ਆਈ.ਸੀ.ਆਈ.ਸੀ.ਆਈ. ਲੋਮਬਾਰਡ ਨੂੰ ਅੱਗੇ ਭੇਜੇਗਾ।

9.7 ਰਾਜ ਹੱਥ-ਖੱਡੀ ਨਿਦੇਸ਼ਾਲੇ ਤੋਂ ਲਾਭ ਪ੍ਰਾਪਤਕਰਤਿਆਂ ਦੀ ਸੂਚੀ ਦੇ ਨਾਲ ਪ੍ਰੀਮੀਅਮ ਦੀ ਰਕਮ ਪ੍ਰਾਪਤ ਹੋਣ ਤੇ ਆਈ.ਸੀ.ਆਈ.ਸੀ.ਆਈ. ਲੋਮਬਾਰਡ ਹੱਥ-ਖੱਡੀ ਰਾਜ ਨਿਦੇਸ਼ਾਲੇ ਨੂੰ ਬੀਮੇ ਵਾਲੇ ਵਿਅਕਤੀਆਂ ਦੇ ਨਾਵਾਂ ਨੂੰ ਦਰਸਾਉਂਦੇ ਹੋਏ ਵੇਰਵੇ ਦੇ ਨਾਲ ਸਿਹਤ ਕਾਰਡ ਜਾਰੀ ਕਰੇਗਾ। ਰਾਜ ਹੱਥ-ਖੱਡੀ ਨਿਦੇਸ਼ਾਲੇ ਦੇ ਨਾਲ-ਨਾਲ ਕਾਰਜਕਾਰੀ ਏਜੰਸੀਆਂ ਲਾਭ ਪ੍ਰਾਪਤਕਰਤਾ ਵਿਅਕਤੀਆਂ ਨੂੰ ਇਸ ਕਵਰੇਜ ਦੇ ਬਾਰੇ ਵਿਚ ਸੂਚਿਤ ਕਰਨ ਦਾ ਇੰਤਜ਼ਾਮ ਕਰੇਗੀ।

9.8 ਜੇਕਰ ਕੋਈ ਹੱਥ-ਖੱਡੀ ਬੁਣਕਰ ਬੀਮਾ ਪੀਰੀਅਡ ਦੇ ਦੌਰਾਨ ਇਕ ਸੁਸਾਇਟੀ ਜਾਂ ਕਾਰਪੋਰੇਸ਼ਨ ਤੋਂ ਕਿਸੇ ਦੂਸਰੇ ਵਿਚ ਆਪਣਾ ਰੋਜ਼ਗਾਰ ਬਦਲਦਾ ਹੈ ਤਾਂ ਯੋਜਨਾ ਦੇ ਲਾਭ ਪ੍ਰਾਪਤਕਰਤਾ ਦੇ ਰੂਪ ਵਿਚ ਉਹ ਰਾਜ ਸਰਕਾਰ ਨੂੰ ਸੂਚਨਾ ਦੇਵੇਗਾ।

9.9 ਰਾਜ ਸਰਕਾਰਾਂ ਅਤੇ ਰਾਜ ਹੱਥ-ਖੱਡੀ ਕਾਰਪੋਰੇਸ਼ਨ/ਉੱਘੇ/ਪ੍ਰਾਥਮਿਕ ਹੱਥ-ਖੱਡੀ ਬੁਣਕਰ ਸਹਿਕਾਰੀ ਸੁਸਾਇਟੀ/ ਫੈਡਰੇਸ਼ਨ/ਐਸੋਸੀਏਸ਼ਨ ਯੋਜਨਾ ਨੂੰ ਚਲਾਉਣ ਅਤੇ ਹੱਥ-ਖੱਡੀ ਬੁਣਕਰਾਂ ਨੂੰ ਇਸ ਯੋਜਨਾ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਦੀ ਰਹੇਗੀ।

9.10 ਆਈ.ਸੀ.ਆਈ.ਸੀ.ਆਈ. ਲੋਮਬਾਰਡ ਇਸ ਵਿਚ ਸ਼ਾਮਲ ਕੁਲ ਵਿਅਕਤੀਆਂ ਦੀ ਗਿਣਤੀ ਦੀ ਮਾਸਿਕ ਰਿਪੋਰਟ ਰਾਜ ਸਰਕਾਰ ਦੇ ਹੱਥਖੱਡੀ ਡਾਇਰੈਕਟਰ/ਇੰਚਾਰਜ ਕਮਿਸ਼ਨਰ ਨੂੰ ਦੇਵੇਗਾ ਜੋ ਉਚਿਤ ਤਸਦੀਕ ਮਗਰੋਂ ਸਿਹਤ ਕਾਰਡ ਜਾਰੀ ਕਰਨ ਅਤੇ ਇਸ ਤਰ੍ਹਾਂ ਦੀ ਭਰਤੀ ਦੀ ਗਿਣਤੀ ਦੀ ਤਸਦੀਕ ਕਰੇਗਾ।

9.11 ਰਾਜ ਸਰਕਾਰ ਹੱਥ-ਖੱਡੀ ਨਿਦੇਸ਼ਾਲਾ ਹਰੇਕ ਮਹੀਨੇ ਦੀ 10 ਤਾਰੀਖ ਤਕ ਪੂਰੇ ਮਹੀਨੇ ਦੀ ਰਿਪੋਰਟ ਪੇਸ਼ ਕਰੇਗਾ ਜਿਸ ਵਿਚ ਹੱਥ-ਖੱਡੀ ਵਿਕਾਸ ਕਮਿਸ਼ਨਰ, ਕੱਪੜਾ ਮੰਤਰਾਲੇ ਨੂੰ ਕਵਰੇਜ ਦੇ ਦਾਅਵਿਆਂ ਦੇ ਨਿਪਟਾਰੇ ਦਾ ਵੇਰਵਾ ਦਰਸਾਉਣਾ ਹੋਵੇਗਾ।

## 10. ਦਾਅਵਾ ਪ੍ਰਕਿਰਿਆ

### i. ਮਿੱਥੇ ਗਏ ਇਲਾਜ

ਕ. ਕੋਈ ਰੋਗੀ ਆਪਣੀ ਇੱਛਾ ਨਾਲ ਕਿਸੇ ਪੈਨਲ ਵਾਲੇ ਹਸਪਤਾਲ/ਨਰਸਿੰਗ ਹੋਮ, ਵਿਚ ਇਲਾਜ ਕਰਾ ਸਕਦਾ ਹੈ। ਆਈ.ਸੀ.ਆਈ.ਸੀ.ਆਈ. ਲੋਮਬਾਰਡ ਅਜਿਹੇ ਹਸਪਤਾਲਾਂ ਦੀ ਇਕ ਸੂਚੀ ਦੇਵੇਗਾ, ਉਸ ਦੀ ਇਕ ਨਕਲ www.handlooms.nic.in ਨਾਮਕ ਵੈੱਬਸਾਈਟ ’ਤੇ ਜਾਰੀ ਕੀਤੀ ਜਾਏਗੀ।

ਖ. ਸਬੰਧਤ ਪੈਨਲ ਵਾਲੇ ਹਸਪਤਾਲਾਂ/ਨਰਸਿੰਗ ਹੋਮ ਵਲੋਂ ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦੇ ਪ੍ਰਤੀਨਿਧੀ ਨੂੰ ਰੋਗੀ ਦਾ ਨਾਂ/ਪਾਲਿਸੀ ਨੰਬਰ/ਬਿਮਾਰੀ ਦਾ ਸਰੂਪ/ਹਸਪਤਾਲ ਦਾ ਨਾਂ ਦੱਸਣਾ ਹੋਵੇਗਾ। ਆਈ.ਸੀ. ਆਈ.ਸੀ.ਆਈ. ਲੋਮਬਾਰਡ (ਟੀ.ਪੀ.ਏ.)/ਸੰਪਰਕ ਵਿਅਕਤੀਆਂ ਦੀ ਇਕ ਸੂਚੀ ਆਈ.ਸੀ.ਆਈ.ਸੀ.ਆਈ. ਲੋਮਬਾਰਡ ਵਲੋਂ ਦਿੱਤੀ ਜਾਏਗੀ।

ਗ. ਆਈ.ਸੀ.ਆਈ.ਸੀ.ਆਈ. ਲੋਮਬਾਰਡ ਵਲੋਂ ਬੀਮੇ ਵਾਲੇ ਵਿਅਕਤੀਆਂ ਨੂੰ ਕੈਸ਼ਲੈੱਸ ਸਹੂਲਤ ਪ੍ਰਾਪਤ ਕਰਨ ਲਈ

ਬੁਣਕਰਾਂ ਨੂੰ ਪਛਾਣ-ਪੱਤਰ ਜਾਰੀ ਕੀਤੇ ਜਾਣਗੇ। ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦੇ ਪ੍ਰਤੀਨਿਧੀਆਂ, ਟੈਲੀਫ਼ੋਨ ਨੰਬਰਾਂ, ਹੈਲਪ ਲਾਈਨ ਨੰਬਰਾਂ ਦੇ ਵੇਰਵੇ ਦਾ ਜ਼ਿਕਰ ਵੀ ਸੰਦਰਭ ਸਹੂਲਤ ਲਈ ਪਛਾਣ-ਪੱਤਰਾਂ ਵਿਚ ਕੀਤਾ ਜਾਏਗਾ। ਇਸ ਤੋਂ ਇਲਾਵਾ ਪੈਨਲ ਵਾਲੇ ਹਸਪਤਾਲ, ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦੇ ਪ੍ਰਤੀਨਿਧੀ ਨੂੰ ਇਕ ਤਸਦੀਕਸ਼ੁਦਾ ਫਾਰਮ ਵੀ ਫ਼ੈਕਸ ਰਾਹੀਂ ਭੇਜਿਆ ਜਾਏਗਾ ਜਿਸ ਉੱਤੇ 12 ਘੰਟਿਆਂ ਦੇ ਅੰਦਰ ਪ੍ਰਵਾਨਗੀ ਦਿੱਤੀ ਜਾਣੀ ਹੋਵੇਗੀ।

ਘ. ਰੋਗੀ ਇਲਾਜ ਕਰਾਏਗਾ, ਬਿਲਾਂ ਉੱਤੇ ਦਸਤਖ਼ਤ ਕਰੇਗਾ ਅਤੇ ਹਸਪਤਾਲ ਤੋਂ ਛੁੱਟੀ ਲਵੇਗਾ। ਬੁਣਕਰ ਵਲੋਂ ਕਿਸੇ ਕਿਸਮ ਦਾ ਕੋਈ ਭੁਗਤਾਨ ਨਹੀਂ ਕੀਤਾ ਜਾਏਗਾ।

### ii. ਐਮਰਜੈਂਸੀ ਇਲਾਜ

ਕ. ਰੋਗੀ ਨੂੰ ਕਿਸੇ ਪੈਨਲ ਵਾਲੇ ਹਸਪਤਾਲ ਵਿਚ ਪਹੁੰਚਾਇਆ ਜਾ ਸਕਦਾ ਹੈ।

ਖ. ਹਸਪਤਾਲ ਵਿਚ ਪਛਾਣ-ਪੱਤਰ ਪੇਸ਼ ਕਰਨਾ ਹੁੰਦਾ ਹੈ ਅਤੇ ਰੋਗੀ ਇਲਾਜ ਕਰਾ ਸਕਦਾ ਹੈ। ਉਸੇ ਵੇਲੇ ਉਸ ਦਾ ਪਰਿਵਾਰ ਆਈ.ਸੀ.ਆਈ.ਸੀ.ਆਈ. ਲੋਮਬਾਰਡ ਨਾਲ ਸੰਪਰਕ ਕਰ ਸਕਦਾ ਹੈ ਅਤੇ ਪਰਿਵਾਰ ਤਸਦੀਕਸ਼ੁਦਾ ਫਾਰਮ ਪੇਸ਼ ਕਰ ਸਕਦਾ ਹੈ। ਆਈ.ਸੀ.ਆਈ.ਸੀ.ਆਈ. ਲੋਮਬਾਰਡ ਜਾਂ ਇਸ ਦੇ ਅਧਿਕਾਰ ਪ੍ਰਾਪਤ ਪ੍ਰਤੀਨਿਧੀ (ਟੀ.ਪੀ.ਏ.) ਨੂੰ ਤੁਰੰਤ ਹਸਪਤਾਲ ਵਿਚ ਪ੍ਰਵਾਨਗੀ ਦਾ ਫ਼ੈਕਸ ਕਰਨਾ ਹੁੰਦਾ ਹੈ।

ਗ. ਰੋਗੀ ਇਲਾਜ ਕਰਾਏਗਾ, ਬਿਲ ਉੱਤੇ ਦਸਤਖ਼ਤ ਕਰੇਗਾ ਅਤੇ ਛੁੱਟੀ ਲਵੇਗਾ, ਬੁਣਕਰ ਵਲੋਂ ਕਿਸੇ ਕਿਸਮ ਦਾ ਕੋਈ ਭੁਗਤਾਨ ਨਹੀਂ ਕੀਤਾ ਜਾਏਗਾ।

### iii. ਮੁਆਵਜ਼ੇ ਸਬੰਧੀ ਦਾਅਵੇ

ਕੋਈ ਰੋਗੀ ਨੈਟਵਰਕ/ਪੈਨਲ ਵਾਲੇ ਹਸਪਤਾਲਾਂ ਤੋਂ ਇਲਾਵਾ ਕਿਸੇ ਡਾਕਟਰ ਜਾਂ ਕਲੀਨਿਕ ਤੋਂ ਇਲਾਜ ਕਰਾ ਸਕਦਾ ਹੈ। ਬੁਣਕਰ ਸਾਰੇ ਖ਼ਰਚਿਆਂ ਦਾ ਭੁਗਤਾਨ ਕਰਕੇ ਸਿਧੇ ਹਸਪਤਾਲ ਦੇ ਬਿਲਾਂ ਦਾ ਨਿਪਟਾਰਾ ਕਰ ਸਕਦਾ ਹੈ। ਬੀਮਾ ਕੰਪਨੀ ਦੇਸ਼ ਦੇ ਅੰਦਰ ਜਿਹੜੇ ਹਸਪਤਾਲ ਜਾਂ ਨਰਸਿੰਗ ਹੋਮ ਪੈਨਲ 'ਚ ਨਹੀਂ ਹਨ, ਉਨ੍ਹਾਂ ਵਿਚ ਇਲਾਜ ਦੇ ਦੌਰਾਨ ਸੀਮਾਵਾਂ ਅਤੇ ਉਪ-ਸੀਮਾਵਾਂ ਅਤੇ ਕੇਂਦਰੀ ਸਰਕਾਰ ਸਿਹਤ ਸੇਵਾ ਦੀਆਂ ਪ੍ਰਵਾਨਿਤ ਦਰਾਂ ਦੇ ਅਨੁਸਾਰ ਖ਼ਰਚ ਦਾ ਭੁਗਤਾਨ ਕਰਨ ਮਗਰੋਂ ਬੁਣਕਰ ਦਵਾਈਆਂ ਦੀ ਪਰਚੀ ਅਤੇ ਵਾਊਚਰ ਨੂੰ ਬੀਮਾ ਕੰਪਨੀ ਜਾਂ ਟੀ.ਪੀ.ਏ. ਦੇ ਸਾਹਮਣੇ ਪੇਸ਼ ਕਰ ਸਕਦਾ ਹੈ ਜੋ ਇਹ ਨਿਸ਼ਚਿਤ ਕਰੇਗਾ ਕਿ ਸਾਰੇ ਜ਼ਰੂਰੀ ਦਸਤਾਵੇਜ਼ਾਂ/ਸੂਚਨਾ ਦੀ ਪ੍ਰਾਪਤੀ ਮਗਰੋਂ 15 ਦਿਨਾਂ ਦੇ ਅੰਦਰ ਪੂਰਾ ਭੁਗਤਾਨ ਕਰ ਦਿੱਤਾ ਹੈ।

## 11. ਮੋਨੀਟੀਰਿੰਗ ਅਤੇ ਮੁੱਲਾਂਕਣ

11.1 ਹਰੇਕ ਮਹੀਨ ਦੇ ਪਹਿਲੇ ਹਫ਼ਤੇ ਵਿਚ ਰਾਜ ਸਰਕਾਰ ਦੇ ਹੱਥ-ਖੱਡੀ ਸਹਾਇਕ ਡਾਇਰੈਕਟਰ ਅਤੇ ਆਈ.ਸੀ. ਆਈ.ਸੀ.ਆਈ. ਲੋਮਬਾਰਡ ਦੇ ਪ੍ਰਤੀਨਿਧੀਆਂ ਦੀ ਜ਼ਿਲ੍ਹਾ ਪੱਧਰੀ ਕਮੇਟੀ ਦੀ ਬੈਠਕ ਕੀਤੀ ਜਾਏਗੀ ਜਿਸ ਵਿਚ ਉਮੀਦਵਾਰ ਦੀ ਭਰਤੀ ਅਤੇ ਉਸ ਜ਼ਿਲ੍ਹੇ ਦੀ ਯੋਜਨਾ ਦੇ ਅਧੀਨ ਦਾਅਵਿਆਂ ਦੇ ਭੁਗਤਾਨ ਅਤੇ ਖ਼ਾਸ ਤੌਰ ਤੇ ਦਾਅਵਿਆਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਦੀ ਪ੍ਰਗਤੀ ਦੀ ਮੋਨੀਟੀਰਿੰਗ ਕੀਤੀ ਜਾਏਗੀ।

11.2 ਹੱਥ-ਖੱਡੀ ਵਿਕਾਸ ਕਮਿਸ਼ਨਰ ਦਾ ਦਫ਼ਤਰ ਸਮੇਂ-ਸਮੇਂ ਤੇ ਰਾਜ ਸਰਕਾਰਾਂ ਅਤੇ ਆਈ.ਸੀ.ਆਈ.ਸੀ.ਆਈ. ਲੋਮਬਾਰਡ ਦੇ ਨਾਲ ਬੈਠਕ ਕਰਕੇ ਆਪਣੇ ਅਨੇਕ ਫੀਲਡ ਦਫ਼ਤਰਾਂ ਦੇ ਮਾਧਿਅਮ ਨਾਲ ਕੀਤੀ ਗਈ ਪ੍ਰਗਤੀ ਦੀ ਮੋਨੀਟੀਰਿੰਗ ਕਰੇਗਾ।

# (ii) ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ

## ਜਾਣਕਾਰੀ

ਭਾਰਤ ਸਰਕਾਰ ਨੇ ਦਸੰਬਰ 2003 ਵਿਚ ਬੁਣਕਰ ਵਿਕਾਸ ਯੋਜਨਾ ਸ਼ੁਰੂ ਕੀਤੀ ਸੀ ਜੋ ਜਨਸ਼੍ਰੀ ਬੀਮਾ ਯੋਜਨਾ ਅਤੇ ਐਡ-ਆਨ ਸਮੂਹ ਬੀਮਾ ਯੋਜਨਾ ਦਾ ਸਾਂਝਾ ਰੂਪ ਹੈ। ਇਹ ਯੋਜਨਾ ਭਾਰਤੀ ਜੀਵਨ ਬੀਮਾ ਨਿਗਮ ਦੇ ਸਹਿਯੋਗ ਨਾਲ ਲਾਗੂ ਕੀਤੀ ਜਾ ਰਹੀ ਹੈ। ਸਾਲ 2005-06 ਤੋਂ ਇਸ ਯੋਜਨਾ ਨੂੰ ਸੋਧਿਆ ਗਿਆ ਹੈ ਅਤੇ ਇਸ ਨੂੰ ਮਹਾਤਮਾ ਗਾਂਧੀ ਬੁਣਕਰ ਯੋਜਨਾ ਦੇ ਸੁਧਰੇ ਰੂਪ ਵਿਚ ਲਾਗੂ ਕੀਤਾ ਗਿਆ ਹੈ।

11ਵੀਂ ਯੋਜਨਾ ਦੇ ਦੌਰਾਨ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਨੂੰ ਵਧਾਏ ਗਏ ਲਾਭਾਂ ਦੇ ਨਾਲ ਲਾਗੂ ਕੀਤਾ ਜਾਏਗਾ। ਇਹ ਯੋਜਨਾ ਸਾਲ 2007-08 ਤੋਂ 2011-12 ਦੇ ਪੀਰੀਅਡ ਲਈ ਲਾਗੂ ਰਹੇਗੀ।

## 2. ਟੀਚਾ

ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦਾ ਮੁੱਖ ਟੀਚਾ ਹੱਥ-ਖੱਡੀ ਬੁਣਕਰਾਂ ਨੂੰ ਕੁਦਰਤੀ ਮੌਤ ਦੇ ਨਾਲ-ਨਾਲ ਦੁਰਘਟਨਾ ਵਿਚ ਮੌਤ ਹੋਣ ਦੀ ਸਥਿਤੀ ਵਿਚ ਅਤੇ ਦੁਰਘਟਨਾ ਦੇ ਕਾਰਨ ਪੂਰੀ ਜਾਂ ਥੋੜ੍ਹੀ ਅਪਾਹਜਿਤਾ ਦੇ ਮਾਮਲਿਆਂ ਵਿਚ ਵਧਿਆ ਹੋਇਆ ਬੀਮਾ ਕਵਰ ਅਤੇ ਉੱਚ ਬੀਮਾ ਰਕਮ ਦੇਣਾ ਹੈ।

## 3. ਯੋਗਤਾ

1. ਯੋਜਨਾ ਦੇ ਅਧੀਨ ਸਹਾਇਤਾ ਪ੍ਰਾਪਤ ਕਰਨ ਲਈ ਬੁਣਕਰ ਨੂੰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ-

   * ਬੁਣਕਰ ਹੱਥ-ਖੱਡੀ ਬੁਣਾਈ ਤੋਂ ਆਪਣੀ ਆਮਦਨ ਦਾ ਘੱਟੋ-ਘੱਟ 50 ਪ੍ਰਤੀਸ਼ਤ ਕਮਾਉਂਦਾ ਹੋਵੇ।
   * 18 ਤੋਂ 59 ਸਾਲ ਦੀ ਉਮਰ ਦੇ ਵਿਚਕਾਰ ਦੇ ਸਾਰੇ ਬੁਣਕਰ ਭਾਵੇਂ ਉਹ ਇਸਤ੍ਰੀ ਹੋਵੇ ਜਾਂ ਪੁਰਸ਼, ਇਸ ਯੋਜਨਾ ਦੇ ਅਧੀਨ ਸ਼ਾਮਲ ਕੀਤੇ ਜਾਣ ਦੇ ਯੋਗ ਹਨ। ਇਸ ਵਿਚ ਘੱਟ-ਗਿਣਤੀ, ਇਸਤ੍ਰੀ ਬੁਣਕਰ ਅਤੇ ਪੂਰਬ-ਉੱਤਰ ਖੇਤਰ ਦੇ ਬੁਣਕਰ ਵੀ ਸ਼ਾਮਲ ਹਨ।
   * ਇਸ ਯੋਜਨਾ ਵਿਚ ਰਾਜ ਹੱਥਖੱਡੀ ਵਿਕਾਸ ਨਿਗਮਾਂ/ਅਪੈਕਸ/ਪ੍ਰਾਇਮਰੀ ਹੱਥ-ਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ ਦੇ ਬੁਣਕਰ ਕਵਰ ਕੀਤੇ ਜਾਣਗੇ। ਸਹਿਕਾਰੀ ਸੁਸਾਇਟੀਆਂ ਤੋਂ ਬਾਹਰਲੇ ਬੁਣਕਰ ਵੀ ਇਸ ਯੋਜਨਾ ਦੇ ਅਧੀਨ ਸ਼ਾਮਲ ਕੀਤੇ ਜਾ ਸਕਦੇ ਹਨ, ਉਨ੍ਹਾਂ ਨੂੰ ਆਪਣੀ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਨ ਦੇ ਸਬੰਧ ਵਿਚ ਰਾਜ ਸਰਕਾਰ ਦੇ ਹੱਥਖੱਡੀ ਡਾਇਰੈਕਟਰ ਇੰਚਾਰਜ ਤੋਂ ਪ੍ਰਮਾਣ-ਪੱਤਰ ਪ੍ਰਾਪਤ ਕਰਨਾ ਹੋਵੇਗਾ।

ਰਾਜ ਸਰਕਾਰ ਹੱਥਖੱਡੀ ਇੰਚਾਰਜ ਡਾਇਰੈਕਟਰ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਉਨ੍ਹਾਂ ਬੁਣਕਰਾਂ ਦੀ ਯੋਗਤਾ ਦੀ ਜਾਂਚ ਕਰੇ ਜਿਨ੍ਹਾਂ ਨੂੰ ਲਾਭ ਦਿੱਤੇ ਜਾਣ ਲਈ ਯੋਜਨਾ ਦੇ ਅਧੀਨ ਪ੍ਰਸਤਾਵਿਤ ਕੀਤਾ ਗਿਆ ਹੈ।

ਯੋਜਨਾ ਨੂੰ ਲਾਗੂ ਕਰਦੇ ਸਮੇਂ ਇਹ ਨਿਸ਼ਚਿਤ ਕਰਨ ਦੀ ਜ਼ਿੰਮੇਵਾਰੀ ਰਾਜ ਸਰਾਕਰ ਦੇ ਇੰਚਾਰਜ ਡਾਇਰੈਕਟਰ ਅਤੇ ਐੱਲ.ਆਈ.ਸੀ. ਦਾ ਹੋਵੇਗਾ ਕਿ ਇਸਤ੍ਰੀ ਬੁਣਕਰਾਂ, ਘੱਟ-ਗਿਣਤੀਆਂ ਨਾਲ ਸਬੰਧਤ ਬੁਣਕਰਾਂ ਅਤੇ ਪੂਰਬ-ਉਤਰ ਰਾਜ (ਅਰੁਣਾਚਲ ਪ੍ਰਦੇਸ਼, ਅਸਮ, ਮਣੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ ਅਤੇ ਸਿੱਕਿਮ) ਦੇ ਬੁਣਕਰਾਂ ਨੂੰ ਪੂਰੀ ਅਗਵਾਈ ਦਿੱਤੀ ਜਾਂਦੀ ਹੈ।

## 4. ਪ੍ਰਸ਼ਾਸਨ

ਰਾਜ ਵਿਚ ਹੱਥਖੱਡੀ ਇੰਚਾਰਜ ਬੁਣਕਰਾਂ ਦੇ ਬੀਮਾ ਕਵਰੇਜ ਨੂੰ ਭਾਰਤੀ ਜੀਵਨ ਬੀਮਾ ਨਿਗਮ ਦੇ ਨਾਲ ਅੰਤਮ ਰੂਪ ਦੇਣਗੇ।

## 5. ਬੀਮਾ ਕਵਰੇਜ ਦੀਆਂ ਮੁੱਖ ਗੱਲਾਂ-

ਇਹ ਯੋਜਨਾ ਭਾਰਤੀ ਜੀਵਨ ਬੀਮਾ ਨਿਗਮ ਵਲੋਂ ਸੰਚਾਲਿਤ ਕੀਤੀ ਜਾਏਗੀ।

## 6. ਲਾਭ

| ਕ੍ਰਮ ਨੰ. | | 1.10.2007 ਤੋਂ ਲਾਭ |
|---|---|---|
| 1. | ਕੁਦਰਤੀ ਮੌਤ | 60,000/-ਰੁਪਏ |
| 2. | ਦੁਰਘਟਨਾ ਦੇ ਕਾਰਨ ਮੌਤ | 1,50,000/-ਰੁਪਏ |
| 3. | ਪੂਰੀ ਅਪਾਹਜਤਾ | 1,50,000/-ਰੁਪਏ |
| 4. | ਥੋੜ੍ਹੀ ਅਪਾਹਜਤਾ | 75,000/-ਰੁਪਏ |

## 7. ਪ੍ਰੀਮੀਅਮ

330 ਰੁਪਏ ਪ੍ਰਤੀ ਮੈਂਬਰ ਦੀ ਸਲਾਨਾ ਪ੍ਰੀਮੀਅਮ ਹੇਠ ਲਿਖੇ ਢੰਗ ਨਾਲ ਦਿੱਤੀ ਜਾਏਗੀ।

| | |
|---|---|
| ਭਾਰਤ ਸਰਕਾਰ ਦਾ ਹਿੱਸਾ | 150/-ਰੁਪਏ |
| ਬੁਣਕਰਾਂ ਦਾ ਹਿੱਸਾ | 80/-ਰੁਪਏ |
| ਭਾਰਤੀ ਜੀਵਨ ਬੀਮਾ ਨਿਗਮ ਦਾ ਹਿੱਸਾ | 100/-ਰੁਪਏ |
| ਕੁਲ ਪ੍ਰੀਮੀਅਮ | 330/-ਰੁਪਏ |

## 8. ਪ੍ਰਚੱਲਤ ਕ੍ਰਿਆ ਸਰੂਪ

1. ਯੋਜਨਾ ਦਾ ਹਰ ਸਾਲ ਨਵੀਨੀਕਰਣ ਕੀਤਾ ਜਾਏਗਾ ਅਤੇ ਕਵਰੇਜ ਨੂੰ ਜਾਰੀ ਰਖਣਾ ਨਵੀਨੀਕਰਣ ਦੀ ਨਿਸ਼ਚਿਤ ਮਿਤੀ ਨੂੰ ਪ੍ਰੀਮੀਅਮ ਦਾ ਭੁਗਤਾਨ ਕਰਨ ਤੇ ਹੀ ਨਿਸ਼ਚਿਤ ਕੀਤਾ ਜਾਂਦਾ ਹੈ। ਪ੍ਰੀਮੀਅਮ ਦੀ ਰਕਮ ਪੂਰੇ ਸਾਲ ਲਈ ਭਾਰਤੀ ਜੀਵਨ ਬੀਮਾ ਨਿਗਮ ਨੂੰ ਲਾਭ-ਪ੍ਰਾਪਤਕਰਤਾ ਵਲੋਂ ਇਕੋ ਵਾਰ ਦਿੱਤੀ ਜਾਏਗੀ। ਯੋਜਨਾ 1.10.2007 ਤੋਂ ਲਾਗੂ ਹੋਵੇਗੀ।

2. ਇਕੋ ਵਾਰ ਦਿੱਤੀ ਗਈ ਪ੍ਰੀਮੀਅਮ ਰਕਮ ਵਾਪਸ ਨਹੀਂ ਕੀਤੀ ਜਾਏਗੀ।

3. ਹਰ ਸਾਲ ਵਧ ਤੋਂ ਵਧ ਨਵੀਨੀਕਰਣ ਦੇ ਮਾਮਲੇ ਲਏ ਜਾਣਗੇ। ਆਮ ਤੌਰ ਤੇ ਬੀਮਾ ਕਵਰੇਜ ਪ੍ਰੀਮੀਅਮ ਦੀ ਪੂਰੀ ਰਕਮ ਭਾਵ ਸਰਕਾਰ ਅਤੇ ਲਾਭ-ਪ੍ਰਾਪਤਕਰਤਾ ਦੋਹਾਂ ਦੇ ਹਿੱਸੇ, ਦੀ ਪ੍ਰਾਪਤੀ ਤੋਂ ਬਾਅਦ ਲਾਗੂ ਹੁੰਦਾ ਹੈ। ਕਿਸੇ ਅਣ-ਕਿਆਸੀ ਸਥਿਤੀ ਵਿਚ ਜਿੱਥੇ ਸਰਕਾਰ ਦਾ ਪ੍ਰੀਮੀਅਮ ਹਿੱਸਾ ਤਿਆਰ ਨਹੀਂ ਹੈ, ਭਾਰਤੀ ਜੀਵਨ ਬੀਮਾ ਨਿਗਮ ਲਾਭ-ਪ੍ਰਾਪਤਕਰਤਾ ਦੇ ਹਿੱਸੇ ਨੂੰ ਸਵੀਕਾਰ ਕਰੇਗਾ ਅਤੇ ਉਸੇ ਅਨੁਸਾਰ ਕਵਰੇਜ ਲਾਗੂ ਕਰੇਗਾ।

4. ਯੋਜਨਾ ਨੂੰ ਲਾਗੂ ਕਰਨ ਲਈ ਰਾਜ ਸਰਾਕਰ ਦੇ ਹੱਥ-ਖੱਡੀ ਅਤੇ ਕੱਪੜਾ ਡਾਇਰੈਕਟਰ ਇੰਚਾਰਜ ਦੇ ਦਫ਼ਤਰ ਅਤੇ ਇਸ ਖੇਤਰ ਵਿਚ ਉਸ ਦੇ ਅਧੀਨ ਕੰਮ ਕਰ ਰਹੇ ਦਫ਼ਤਰ ਨੋਡਲ ਏਜੰਸੀਆਂ ਹੋਣਗੀਆਂ। ਬੀਮਾ ਕਵਰ ਨਾਲ ਸਬੰਧਤ ਸਾਰੇ ਮਾਮਲਿਆਂ ਵਿਚ ਨੋਡਲ ਏਜੰਸੀ ਬੀਮੇ ਵਾਲੇ ਮੈਂਬਰਾਂ ਲਈ ਅਤੇ ਉਨ੍ਹਾਂ ਵਲੋਂ ਕੰਮ ਕਰੇਗੀ। ਯੋਜਨਾ ਦੇ ਅਧੀਨ ਵੱਧ ਤੋਂ ਵੱਧ ਬੁਣਕਰ ਕਵਰੇਜ ਲਈ ਲਾਭ-ਪ੍ਰਾਪਤਕਰਤਾ ਦੀ ਪਛਾਣ, ਫਾਰਮ ਭੇਜਣੇ, ਹਿਦਾਇਤਾਂ ਆਦਿ ਲਈ ਭਾਰਤੀ ਜੀਵਨ ਬੀਮਾ ਨਿਗਮ ਰਾਜ ਸਰਕਾਰ ਦੇ ਹੱਥ-ਖੱਡੀ ਡਾਇਰੈਕਟਰ ਇੰਚਾਰਜ ਦੇ ਸੰਪਰਕ ਵਿਚ ਰਹੇਗਾ।

5. ਇਕ ਉਮੀਦਵਾਰ ਲਾਭ-ਪ੍ਰਾਪਤਕਰਤਾ ਨੂੰ ਆਪਣੀ ਅਰਜ਼ੀ-ਸਹਿ-ਨੋਮੀਨੇਸ਼ਨ ਫਾਰਮ ਭਰਨਾ ਹੋਵੇਗਾ ਅਤੇ ਉਸ ਨੂੰ ਆਪਣੇ ਪ੍ਰੀਮੀਅਮ ਦੇ ਸ਼ੇਅਰ ਦੇ ਨਾਲ ਨੋਡਲ ਏਜੰਸੀ ਨੂੰ ਪੇਸ਼ ਕਰਨਾ ਹੋਵੇਗਾ। ਅਰਜ਼ੀ ਦਾ ਖਾਕਾ ਭਾਰਤੀ ਜੀਵਨ ਬੀਮਾ ਨਿਗਮ ਵਲੋਂ ਨੋਡਲ ਏਜੰਸੀ ਨੂੰ ਮੁਹੱਈਆ ਕਰਵਾਇਆ ਜਾਏਗਾ। ਡਾਕਟਰੀ ਪ੍ਰਮਾਣ-ਪੱਤਰ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਮਕਸਦ ਲਈ ਖ਼ੁਦ ਦਾ ਪ੍ਰਮਾਣ-ਪੱਤਰ ਹੀ ਕਾਫ਼ੀ ਹੋਵੇਗਾ।

6. ਉਪਰੋਕਤ ਦੇ ਪ੍ਰਾਪਤ ਹੋਣ ਤੇ ਨੋਡਲ ਏਜੰਸੀ ਅਰਜ਼ੀ ਦੀ ਜਾਂਚ ਕਰੇਗੀ ਅਤੇ ਯੋਗ ਹੋਣ ਤੇ ਪ੍ਰੀਮੀਅਮ ਦੀ ਰਕਮ ਸਵੀਕਾਰ ਕਰੇਗੀ ਅਤੇ ਇਨ੍ਹਾਂ ਲਾਭ-ਪ੍ਰਾਪਤਕਰਤਿਆਂ ਦੀ ਸੂਚੀ ਦੇ ਨਾਲ-ਨਾਲ ਪ੍ਰੀਮੀਅਮ ਦੀ ਰਕਮ ਭਾਰਤੀ ਜੀਵਨ ਬੀਮਾ ਨਿਗਮ ਨੂੰ ਭੇਜੇਗੀ।

7. ਨੋਡਲ ਏਜੰਸੀ ਦੀ ਸਥਿਤੀ 'ਚ ਸਬੰਧਤ ਨਾਮਜ਼ਦ ਵਿਅਕਤੀ/ਲਾਭ-ਪ੍ਰਾਪਤਕਰਤਿਆਂ ਦੀ ਸੂਚੀ ਦੇ ਨਾਲ ਪ੍ਰੀਮੀਅਮ ਦੀ ਰਕਮ ਪ੍ਰਾਪਤ ਹੋਣ ਤੇ ਭਾਰਤੀ ਜੀਵਨ ਬੀਮਾ ਨਿਗਮ ਯੋਜਨਾ ਦੇ ਅਧੀਨ ਸ਼ਾਮਲ ਕੀਤੇ ਗਏ ਸਾਰੇ ਬੁਣਕਰਾਂ ਨੂੰ ਕਾਰਡ/ਪ੍ਰਮਾਣ ਪੱਤਰ ਜਾਰੀ ਕਰੇਗਾ ਅਤੇ ਉਸ ਨੂੰ ਇਸ ਤਰ੍ਹਾਂ ਬਣਾਇਆ ਜਾਏਗਾ ਜਿਸ ਵਿਚ ਨਵੀਨੀਕਰਣ ਦੀ ਮਿਤੀ/ਮਹੀਨੇ ਦਾ ਵੀ ਜ਼ਿਕਰ ਹੋਵੇ। ਕਾਰਡ ਦੇਸੀ ਭਾਸ਼ਾ ਵਿਚ ਹੋਣਾ ਚਾਹੀਦਾ ਹੈ। ਇਸ ਨਾਲ ਬੁਣਕਰ ਭਾਰਤੀ ਜੀਵਨ ਬੀਮਾ ਨਿਗਮ ਤੋਂ ਆਪਣੀ ਬਕਾਇਆ ਰਕਮ ਦਾ ਦਾਅਵਾ ਕਰ ਸਕਣਗੇ।

8. ਮੌਤ ਜਾਂ ਅਪਾਹਜਤਾ ਦੀ ਸਥਿਤੀ ਵਿਚ ਸਬੰਧਤ ਨਾਮਜ਼ਦ ਵਿਅਕਤੀ/ਲਾਭ-ਪ੍ਰਾਪਤਕਰਤਾ ਆਪਣੇ ਦਾਅਵੇ ਨੂੰ, ਜ਼ਰੂਰੀ ਦਸਤਾਵੇਜ਼ ਜਿਵੇਂ ਮਿਰਤੂ ਪ੍ਰਮਾਣ-ਪੱਤਰ/ਪੋਸਟ ਮਾਰਟਮ ਦੀ ਰਿਪੋਰਟ/ਇਲਾਜ ਸਬੰਧੀ ਰਿਪੋਰਟ/ਡਿਸਚਾਰਜ ਪ੍ਰਮਾਣ ਪੱਤਰ/ਹੋਰ ਦਸਤਾਵੇਜ਼ ਜੋ ਵੀ ਲਾਗੂ ਹੋਣ, ਸਹਿਤ ਨੋਡਲ ਏਜੰਸੀ ਦੇ ਮਾਧਿਅਮ ਨਾਲ ਭਾਰਤੀ ਜੀਵਨ ਬੀਮਾ ਨਿਗਮ ਨੂੰ ਪੇਸ਼ ਕਰੇਗਾ। ਨੋਡਲ ਏਜੰਸੀ ਦਾਅਵੇ ਪ੍ਰਾਪਤ ਹੋਣ ਤੋਂ 15 ਦਿਨ ਦੇ ਅੰਦਰ ਭਾਰਤੀ ਜੀਵਨ ਬੀਮਾ ਨਿਗਮ ਨੂੰ ਦਾਅਵਾ ਭੇਜਗੀ। ਭਾਰਤੀ ਜੀਵਨ ਬੀਮਾ ਨਿਗਮ ਦਾਅਵੇ ਪ੍ਰਾਪਤ ਹੋਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ ਦਾਅਵੇ ਨੂੰ ਨਿਪਟਾਏਗਾ ਅਤੇ ਰਕਮ ਦਾ ਭੁਗਤਾਨ ਲਾਭ-ਪ੍ਰਾਪਤਕਰਤਾ/ਨਾਮਜ਼ਦ ਵਿਅਕਤੀ ਨੂੰ ਨੋਡਲ ਏਜੰਸੀ ਦੇ ਜ਼ਰੀਏ ਸਿੱਧੇ ਅਕਾਊਂਟ ਪੇਈ ਚੈਕ (ਨੋਡਲ ਏਜੰਸੀ ਨੂੰ ਸੂਚਿਤ ਕਰਦੇ ਹੋਏ) ਰਾਹੀਂ ਕਰੇਗਾ।

9. ਲਾਭ-ਪ੍ਰਾਪਤਕਰਤਾ ਵਲੋਂ ਦੂਸਰੇ ਸਾਲ ਲਈ ਬੀਮਾ ਪ੍ਰੀਮੀਅਮ ਦਾ ਭੁਗਤਾਨ ਨਾ ਕਰਨ ਤੇ ਬੀਮਾ ਕਵਰ ਖ਼ੁਦ ਹੀ ਬੰਦ ਹੋ ਜਾਏਗਾ। ਤਦ ਵੀ, ਜ਼ਰੂਰੀ ਪ੍ਰੀਮੀਅਮ ਦਾ ਭੁਗਤਾਨ ਕਰਨ ਤੇ ਅਗਲੇ ਸਾਲ 'ਚ ਯੋਜਨਾ ਵਿਚ ਸ਼ਾਮਲ ਹੋਣ ਲਈ ਲਾਭ-ਪ੍ਰਾਪਤਕਰਤਾ ਸੁਤੰਤਰ ਹੋਵੇਗਾ।

10. ਜੇਕਰ ਹੱਥ-ਖੱਡੀ ਬੁਣਕਰ ਬੀਮਾ-ਪੀਰੀਅਡ ਦੇ ਦੌਰਾਨ ਇਕ ਸੁਸਾਇਟੀ ਜਾਂ ਨਿਗਮ ਤੋਂ ਦੂਸਰੀ ਸੁਸਾਇਟੀ ਜਾਂ ਨਿਗਮ ਵਿਚ ਆਪਣਾ ਰੋਜ਼ਗਾਰ ਬਦਲ ਦੇਂਦਾ ਹੈ ਤਾਂ ਉਹ ਯੋਜਨਾ ਦੇ ਲਾਭ-ਪ੍ਰਾਪਤਕਰਤਾ ਦੇ ਰੂਪ ਵਿਚ ਨੋਡਲ ਏਜੰਸੀ ਨੂੰ ਸੂਚਿਤ ਕਰੇਗਾ।

11. ਰਾਜ ਸਰਕਾਰਾਂ ਅਤੇ ਰਾਜ ਹੱਥ-ਖੱਡੀ ਨਿਗਮਾਂ, ਅਪੈਕਸ/ਪ੍ਰਾਥਮਿਕ ਹੱਥ-ਖੱਡੀ ਬੁਣਕਾਰ ਸਹਿਕਾਰੀ ਸੁਸਾਇਟੀਆਂ/ਫੈਡਰੇਸ਼ਨਾਂ ਨੂੰ ਯੋਜਨਾ ਵਿਚ ਸ਼ਾਮਿਲ ਹੋਣ ਲਈ ਅਖ਼ਬਾਰਾਂ ਅਤੇ ਹੋਰ ਪ੍ਰਚਾਰ ਮਾਧਿਅਮਾਂ 'ਚ ਇਸ਼ਤਿਹਾਰ ਦੇ ਕੇ ਹੱਥ-ਖੱਡੀ ਬੁਣਕਰਾਂ ਨੂੰ ਜਾਣਕਾਰੀ ਦੇਂਦੇ ਹੋਏ ਯੋਜਨਾ ਦੇ ਕਾਰਜ ਵਿਚ ਕ੍ਰਿਆਤਮਕ ਰੂਪ ਨਾਲ ਜੋੜਿਆ ਜਾਏਗਾ।

12. ਨੋਡਲ ਏਜੰਸੀਆਂ ਕਵਰੇਜ ਦੇ ਵੇਰਵੇ ਅਤੇ ਦਾਅਵਿਆਂ ਦਾ ਨਿਪਟਾਰਾ ਦਰਸਾਉਂਦੇ ਹੋਏ ਨਿਯਤਕਾਲਿਕ ਰਿਪੋਰਟ ਹੱਥ-ਖੱਡੀ ਵਿਕਾਸ ਕਮਿਸ਼ਨਰ, ਕੱਪੜਾ ਮੰਤਰਾਲੇ ਨੂੰ ਪੇਸ਼ ਕਰਨਗੀਆਂ।

## 9. ਹੋਰ ਲਾਭ :

1. ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਵਿਚ ਉਨ੍ਹਾਂ ਮਾਪਿਆਂ ਦੇ ਬੱਚਿਆਂ ਲਈ ਵਜ਼ੀਫ਼ੇ ਦੀ ਸਹੂਲਤ ਵੀ ਹੈ ਜੋ ਇਸ ਦੀ ਸਿੱਖਿਆ ਸਹਿਯੋਗ ਯੋਜਨਾ ਦੇ ਅਧੀਨ ਦਿੱਤੀ ਜਾਂਦੀ ਹੈ।

2. 9ਵੀਂ ਤੋਂ 12ਵੀਂ ਜਮਾਤ ਵਿਚ ਪੜ੍ਹਨ ਵਾਲੇ ਜਾਂ 12ਵੀਂ ਜਮਾਤ ਪੂਰੀ ਕਰਨ ਤਕ ਇਨ੍ਹਾਂ 'ਚੋਂ ਜੋ ਵੀ ਪਹਿਲਾਂ ਹੋਵੇ, ਪ੍ਰਤੀ ਵਿਦਿਆਰਥੀ ਨੂੰ 300 ਰੁਪਏ ਪ੍ਰਤੀ ਤਿਮਾਹੀ ਦੀ ਦਰ ਨਾਲ ਚਾਰ ਸਾਲ ਲਈ ਵਜ਼ੀਫ਼ਾ ਦਿੱਤਾ ਜਾਏਗਾ। ਵਜ਼ੀਫ਼ਾ ਸਿੱਖਿਆ ਵਾਲੇ ਸਾਲ 'ਚ ਜੂਨ ਤੋਂ ਮਈ ਤਕ ਦਿੱਤਾ ਜਾਏਗਾ।

3. ਯੋਜਨਾ ਵਿਚ ਕਵਰ ਮੈਂਬਰ ਦੇ 2 ਬੱਚਿਆਂ ਨੂੰ ਲਾਭ ਪ੍ਰਾਪਤ ਹੋਵੇਗਾ। ਲਿੰਗ ਸਬੰਧੀ ਭੇਦਭਾਵ ਤੋਂ ਬਿਨਾਂ ਦੋਹਾਂ ਬੱਚਿਆਂ ਨੂੰ ਵਜ਼ੀਫ਼ੇ ਲਈ ਕਵਰ ਕੀਤਾ ਜਾਏਗਾ।

4. ਜੇਕਰ ਕੋਈ ਵਿਦਿਆਰਥੀ ਫੇਲ੍ਹ ਹੋ ਜਾਂਦਾ ਹੈ ਅਤੇ ਉਸੇ ਜਮਾਤ ਵਿਚ ਦੁਬਾਰਾ ਰਖਿਆ ਜਾਂਦਾ ਹੈ ਤਾਂ ਉਸ ਜਮਾਤ ਵਿਚ ਅਗਲੇ ਸਾਲ ਲਈ ਵਜ਼ੀਫ਼ੇ ਦਾ ਲਾਭ ਨਹੀਂ ਪ੍ਰਾਪਤ ਹੋਵੇਗਾ। ਇਹ ਨਿਸ਼ਚਿਤ ਕੀਤਾ ਜਾਏ ਕਿ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ-ਸਿੱਖਿਆ ਸਹਿਯੋਗ ਯੋਜਨਾ ਦੇ ਅਧੀਨ ਲਾਭ ਪ੍ਰਾਪਤ ਬੁਣਕਰ ਸਮੂਹ ਦੇ ਹੋਣਹਾਰ ਵਿਦਿਆਰਥੀਆਂ ਨੂੰ ਅੱਗੇ ਲਿਆਂਦੇ ਜਾਣ ਦੀ ਜ਼ਰੂਰਤ ਹੈ ਤਾਂਕਿ ਹੋਰ ਬੁਣਕਰ ਪਰਿਵਾਰਾਂ ਦੇ ਬੱਚੇ ਉਨ੍ਹਾਂ ਤੋਂ ਪ੍ਰੇਰਨਾ ਲੈਣ।

5. ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਮੈਂਬਰ ਦੇ ਰੂਪ ਵਿਚ ਇਕ ਵਿਅਕਤੀ ਨੂੰ ਸ਼ਾਮਲ ਕਰ ਲਏ ਜਾਣ ਤੇ ਯੋਜਨਾ ਦੇ ਅਧੀਨ ਲਾਭ-ਪ੍ਰਾਪਤਕਰਤਾ ਦੀ ਚੋਣ ਦੇ ਸਮੇਂ ਅੱਗੇ ਆਮਦਨ ਦਾ ਪ੍ਰਮਾਣ-ਪੱਤਰ ਦੇਣਾ ਜ਼ਰੂਰੀ ਨਹੀਂ ਹੈ।

6. ਵਜ਼ੀਫ਼ਾ ਲੈਣ ਵਾਲੇ ਦੇ ਮਾਪਿਆਂ ਨੂੰ ਜਾਂ ਨੋਡਲ ਏਜੰਸੀ ਨੂੰ ਪ੍ਰੀਮੀਅਮ ਦੀ ਰਕਮ ਨਹੀਂ ਦੇਣੀ ਹੋਵੇਗੀ। ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਸ਼ਾਮਲ ਮਾਪਿਆਂ ਦੇ ਬੱਚਿਆਂ ਨੂੰ ਇਹ ਵਾਧੂ ਲਾਭ ਦਿੱਤਾ ਗਿਆ ਹੈ। ਅਜਿਹੇ ਮਾਮਲੇ ਵਿਚ ਜੇਕਰ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਸਲਾਨਾ ਨਵੀਨੀਕਰਣ ਦੀ ਮਿਤੀ ਨੂੰ ਪ੍ਰੀਮੀਅਮ ਨਹੀਂ ਦਿੱਤਾ ਜਾਂਦਾ ਤਾਂ ਬੱਚਾ ਵਜ਼ੀਫ਼ੇ ਲਈ ਯੋਗ ਨਹੀਂ ਹੋਵੇਗਾ।

7. ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਸ਼ਾਮਲ ਕੀਤੇ ਗਏ ਮੈਂਬਰਾਂ ਵਿਚੋਂ ਸਿੱਖਿਆ ਸਹਿਯੋਗ ਯੋਜਨਾ ਲਈ ਲਾਭ-ਪ੍ਰਾਪਤਕਰਤਿਆਂ ਦੀ ਚੋਣ ਕੀਤੀ ਜਾਂਦੀ ਹੈ। ਕਿਸੇ ਰਾਜ ਦੇ ਮਿੱਥੇ ਲਾਭ-ਪ੍ਰਾਪਤਕਰਤਾ ਵਿਦਿਆਰਥੀਆਂ ਨੂੰ ਉਸ ਰਾਜ ਵਿਚ ਸ਼ਾਮਲ ਵਿਅਕਤੀਆਂ ਦੀ ਗਿਣਤੀ ਦੀ ਅਨੁਪਾਤ ਵਿਚ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਸ਼ਾਮਲ ਕੀਤੇ ਗਏ ਮੈਂਬਰਾਂ ਵਿਚ ਵੰਡਿਆ ਜਾ ਸਕਦਾ ਹੈ। ਅੰਤਮ ਚੋਣ ਗਰੀਬਾਂ ਵਿਚ ਸਭ ਤੋਂ ਗਰੀਬੀ ਦੇ ਮਾਨਦੰਡਾਂ ਦੇ ਅਧਾਰ 'ਤੇ ਕੀਤੀ ਜਾਏਗੀ ਕਿਉਂਕਿ ਵਜ਼ੀਫ਼ਿਆਂ ਦੀ ਗਿਣਤੀ ਸੀਮਤ ਹੈ ਅਤੇ ਲਿੰਗ ਭੇਦ ਤੋਂ ਬਿਨਾਂ ਹੈ।

8. ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਜਿਸ ਮੈਂਬਰ ਦਾ ਬੱਚਾ ਵਜ਼ੀਫ਼ੇ ਦੇ ਯੋਗ ਹੋਵੇਗਾ, ਉਹ (ਨੋਡਲ ਏਜੰਸੀ ਤੋਂ ਪ੍ਰਾਪਤ) ਇਕ ਅਰਜ਼ੀ ਫਾਰਮ ਭਰੇਗਾ ਅਤੇ ਉਸ ਨੂੰ ਨੋਡਲ ਏਜੰਸੀ ਸਾਹਮਣੇ ਪੇਸ਼ ਕਰੇਗਾ। ਸਹੀ ਢੰਗ ਨਾਲ ਭਰੇ ਅਤੇ ਪ੍ਰਮਾਣਿਤ ਫਾਰਮ ਨੋਡਲ ਏਜੰਸੀ ਵਲੋਂ ਯੋਗਤਾ ਦੀ ਸੂਚੀ ਸਹਿਤ ਸਿੱਖਿਆ ਸਹਿਯੋਗ ਯੋਜਨਾ ਦੇ ਅਧੀਨ ਵਜ਼ੀਫ਼ੇ ਦੀ ਵੰਡ ਲਈ ਸਬੰਧਤ ਐੱਲ.ਆਈ.ਸੀ. (LIC), ਪੀ.ਐਂਡ.ਜੀ.ਐੱਸ. (P&GS) ਯੂਨਿਟ ਨੂੰ ਭੇਜੀ ਜਾਏਗੀ। ਵਜ਼ੀਫ਼ੇ ਦੀ ਰਕਮ ਵਿਦਿਆਰਥੀਆਂ ਨੂੰ ਸਬੰਧਤ ਨੋਡਲ ਏਜੰਸੀ ਦੇ ਮਾਧਿਅਮ ਨਾਲ ਦਿੱਤੀ ਜਾਏਗੀ।

9. ਐੱਲ.ਆਈ.ਸੀ. ਲਾਭ-ਪ੍ਰਾਪਤਕਰਤਾ ਵਿਦਿਆਰਥੀਆਂ ਦੀ ਸੂਚੀ ਸਹਿਤ ਨੋਡਲ ਏਜੰਸੀ ਦੇ ਨਾਂ ਅਕਾਊਂਟ ਪੇਈ ਚੈੱਕ ਭੇਜੇਗਾ ਜਿਸ ਨੂੰ ਉਹ ਇਸ ਵਜ਼ੀਫ਼ੇ ਦੇ ਯੋਗ ਵਿਦਿਆਰਥੀਆਂ ਨੂੰ ਦੇਵੇਗਾ। ਨੋਡਲ ਏਜੰਸੀ ਨੂੰ ਰਿਕਾਰਡ ਰਖਣਾ ਹੋਵੇਗਾ ਅਤੇ ਉਪਯੋਗਤਾ ਪ੍ਰਮਾਣ ਪੱਤਰ ਸਮੇਂ-ਸਮੇਂ ਤੇ ਐੱਲ.ਆਈ.ਸੀ., ਪੀ.ਐਂਡ.ਜੀ.ਐੱਸ. ਯੂਨਿਟ ਨੂੰ ਭੇਜਣੇ ਹੋਣਗੇ।

## 10. ਦਾਅਵੇ ਦਾ ਤਰੀਕਾ

ਸਵਰਗਵਾਸੀ ਮੈਂਬਰ ਦੇ ਲਾਭ-ਪ੍ਰਾਪਤਕਰਤਾ ਨੂੰ ਮੂਲ ਰੂਪ ਨਾਲ ਮਿਰਤੂ ਪ੍ਰਮਾਣ-ਪੱਤਰ ਪੇਸ਼ ਕਰਨਾ ਹੋਵੇਗਾ ਜੋ ਦਾਅਵਿਆਂ ਸਬੰਧੀ ਕਾਗਜ਼ਾਤਾਂ ਸਹਿਤ ਉਸ ਨੂੰ ਐੱਲ.ਆਈ.ਸੀ. ਜਾਂ ਬੀਮਾ ਸੁਰੱਖਿਆ ਨੂੰ ਮੂਲ ਰੂਪ ਨਾਲ ਅੰਤਮ ਰੂਪ ਦੇਣ ਵਾਲੀ ਬ੍ਰਾਂਚ ਨੂੰ ਭੇਜਣ ਦਾ ਇੰਤਜ਼ਾਮ ਕਰੇਗਾ। ਐੱਲ.ਆਈ.ਸੀ. ਸਿੱਧੇ ਲਾਭ-ਪ੍ਰਾਪਤਕਰਤਾ ਨੂੰ ਅਕਾਊਂਟ ਪੇਈ ਚੈੱਕ ਭੇਜ ਕੇ ਦਾਅਵਿਆਂ ਦਾ ਨਿਪਟਾਰਾ ਕਰੇਗਾ, ਤਦ ਵੀ ਉਸ ਨਾਲ ਸਬੰਧਤ ਰਾਜ ਸਰਕਾਰ ਅਤੇ ਹੱਥ-ਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਨੂੰ ਇਸ ਦੀ ਸੂਚਨਾ ਦਿੱਤੀ ਜਾਏਗੀ। ਦੁਰਘਟਨਾ ਨਾਲ ਸਬੰਧਤ ਦਾਅਵਿਆਂ ਦੇ ਮਾਮਲੇ ਵਿਚ ਪੁਲਿਸ ਜਾਂਚ ਰਿਪੋਰਟ ਵੀ ਪੇਸ਼ ਕੀਤੀ ਜਾਣੀ ਹੋਵੇਗੀ। ਵਿਸਥਾਰਪੂਰਵਕ ਕਾਰਵਾਈ ਐੱਲ.ਆਈ.ਸੀ. ਦੀਆਂ 'ਸਮਾਜਿਕ ਸੁਰੱਖਿਆ ਸਮੂਹ ਯੋਜਨਾਵਾਂ' ਦੀ ਕਾਰਵਾਈ ਦੀ ਤਰਜ਼ 'ਤੇ ਹੋਵੇਗੀ।

## 11. ਫੰਡ ਜਾਰੀ ਕਰਨਾ

1. ਫੰਡ ਜਾਰੀ ਕਰਨ ਲਈ ਭਾਰਤੀ ਜੀਵਨ ਬੀਮਾ ਨਿਗਮ ਅਤੇ ਰਾਜ ਸਰਾਕਰ ਦੇ ਹੱਥਖੱਡੀ ਇੰਚਾਰਜ ਅਧਿਕਾਰੀ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਅਧੀਨ ਕਵਰ ਕੀਤੇ ਜਾਣ ਵਾਲੇ ਬੁਣਕਰਾਂ ਦੀ ਪਛਾਣ ਕਰੇਗਾ। ਭਾਰਤ ਸਰਕਾਰ, ਕੱਪੜਾ ਮੰਤਰਾਲਾ, ਹੱਥ-ਖੱਡੀ ਵਿਕਾਸ ਕਮਿਸ਼ਨਰ ਦਾ ਦਫ਼ਤਰ ਆਪਣੇ ਪ੍ਰੀਮੀਅਮ ਦੇ ਹਿੱਸੇ ਨੂੰ ਯੋਜਨਾ ਦੇ ਅਧੀਨ ਕਵਰ ਕੀਤੇ ਜਾਣ ਵਾਲੇ ਹੱਥ-ਖੱਡੀ ਬੁਣਕਰਾਂ ਦੀ ਗਿਣਤੀ ਦੇ ਅਧਾਰ ਤੇ ਐਡਵਾਂਸ ਰੂਪ ਨਾਲ ਸਿੱਧੇ ਭਾਰਤੀ ਜੀਵਨ ਬੀਮਾ ਨਿਗਮ ਨੂੰ ਜਾਰੀ ਕਰੇਗਾ। ਰਕਮ ਜਾਰੀ ਕਰਨ ਲਈ ਕੀਤੇ ਹਰੇਕ ਨਿਵੇਦਨ ਦੇ ਨਾਲ ਕੀਤੇ ਗਏ ਦਾਅਵੇ ਅਤੇ ਨਿਪਟਾਏ ਗਏ ਦਾਅਵੇ ਦੇ ਬਾਰੇ ਵਿਚ ਬੀਮਾ ਕੰਪਨੀ ਨੂੰ ਨਿਪਟਾਏ ਗਏ ਕੰਮ ਉੱਤੇ ਟਿੱਪਣੀ ਜ਼ਰੂਰ ਲਗਾਈ ਜਾਣੀ ਹੋਵੇਗੀ।
2. ਕੇਂਦਰੀ ਸਰਕਾਰ ਦਾ ਪ੍ਰੀਮੀਅਮ ਦਾ ਹਿੱਸਾ ਸਿੱਧੇ ਭਾਰਤੀ ਜੀਵਨ ਬੀਮਾ ਨਿਗਮ ਨੂੰ ਜਾਰੀ ਕੀਤਾ ਜਾਏਗਾ।

## 12. ਮੋਨੀਟੀਰਿੰਗ ਅਤੇ ਮੁੱਲਾਂਕਣ

1. ਇਸ ਯੋਜਨਾ ਦੀ ਪ੍ਰਗਤੀ ਦੀ ਮੋਨੀਟੀਰਿੰਗ (ਜਾਂਚ ਪੜਤਾਲ) ਅਤੇ ਮੁੱਲਾਂਕਣ ਰਾਜ ਸਰਕਾਰਾਂ ਵਲੋਂ ਕੀਤਾ ਜਾਏਗਾ ਜੋ ਹਰ ਤਿਮਾਹੀ ਦੀ ਵਾਸਤਵਿਕ ਅਤੇ ਆਰਥਿਕ ਪ੍ਰਗਤੀ ਰਿਪੋਰਟ ਹੱਥ-ਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਨੂੰ ਭੇਜਣਗੀਆਂ।
2. ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਦੇ ਲਾਗੂ ਕਰਨ ਦੀ ਸਮੀਖਿਆ ਲਈ ਭਾਰਤੀ ਜੀਵਨ ਬੀਮਾ ਨਿਗਮ ਹਰੇਕ ਮਹੀਨੇ ਦੇ ਦੂਸਰੇ ਹਫ਼ਤੇ 'ਚ ਰਾਜ ਸਰਕਾਰ ਦੇ ਹੱਥ-ਖੱਡੀ ਡਾਇਰੈਕਟਰ/ਕਮਿਸ਼ਨਰ ਇੰਚਾਰਜ ਅਤੇ ਜ਼ਿਲ੍ਹਾ ਪੱਧਰ ਤੇ ਹੱਥ-ਖੱਡੀ ਦੇ ਸਹਾਇਕ ਡਾਇਰੈਕਟਰ ਨਾਲ ਇਕ ਬੈਠਕ ਆਯੋਜਿਤ ਕਰੇਗਾ। ਭਾਰਤੀ ਜੀਵਨ ਬੀਮਾ ਨਿਗਮ ਐਡਵਾਂਸ ਰੂਪ ਵਿਚ ਆਪਣਾ ਦਾਅਵਾ ਵਿਭਾਗ ਤੋਂ ਉਸ ਰਾਜ ਨੂੰ ਸਬੰਧਤ ਅੰਕੜੇ ਪ੍ਰਦਾਨ ਕਰਨ ਦਾ ਇੰਤਜ਼ਾਮ ਕਰੇਗਾ।
3. ਹੱਥ-ਖੱਡੀ ਵਿਕਾਸ ਕਮਿਸ਼ਨਰ ਦਾ ਦਫ਼ਤਰ ਆਪਣੇ ਫੀਲਡ ਦਫ਼ਤਰ ਅਤੇ ਸਮੇਂ-ਸਮੇਂ ਤੇ ਰਾਜ ਸਰਕਾਰਾਂ ਅਤੇ ਭਾਰਤੀ ਜੀਵਨ ਬੀਮਾ ਨਿਗਮ ਦੇ ਨਾਲ ਬੈਠਕ ਆਯੋਜਿਤ ਕਰਕੇ ਪ੍ਰਗਤੀ ਦੀ ਜਾਂਚ-ਪੜਤਾਲ ਕਰੇਗਾ।
4. ਇਸ ਯੋਜਨਾ ਦਾ ਮੁੱਲਾਂਕਣ ਗਿਆਰਵ੍ਹੀਂ ਯੋਜਨਾ ਦੇ ਵਿਚਕਾਰਲੇ ਪੀਰੀਅਡ ਸਬੰਧੀ ਮੁੱਲਾਂਕਣ 'ਤੇ ਕੀਤਾ ਜਾਏਗਾ।